Service and Information Update

# COVID-19 ਮਹਾਂਮਾਰੀ ਦੇ ਦੌਰਾਨ ਬ੍ਰੈਂਪਟਨ ਵਿੱਚ ਈਸਟਰ ਵੀਕੈਂਡ 2020

ਬ੍ਰੈਂਪਟਨ, ਓਨਟੈਰੀਓ (8 ਅਪ੍ਰੈਲ, 2020) – ਇਸ ਸਾਲ, ਗੁੱਡ ਫ੍ਰਾਈਡੇ (Good Friday), ਸ਼ੁੱਕਰਵਾਰ, 10 ਅਪ੍ਰੈਲ ਨੂੰ ਅਤੇ ਈਸਟਰ ਮੰਡੇ (Easter Monday), ਸੋਮਵਾਰ, 13 ਅਪ੍ਰੈਲ ਨੂੰ ਹੈ।

ਪੀਲ ਪਬਲਿਕ ਹੈਲਥ (Peel Public Health) ਦੀ ਸਲਾਹ ਨਾਲ ਅਤੇ ਸਾਡੇ ਨਿਵਾਸੀਆਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਲਈ, COVID-19 (ਸੀ.ਓ.ਵੀ.ਆਈ.ਡੀ.-19) ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਲਈ, ਸਿਟੀ ਹਾਲ (City Hall) ਅਤੇ ਰੇਕ੍ਰੀਏਸ਼ਨ ਐਂਡ ਕਮਿਉਨਿਟੀ ਸੈਂਟਰ (Recreation and Community Centres) ਅਤੇ ਬ੍ਰੈਂਪਟਨ ਲਾਇਬ੍ਰੇਰੀ (Brampton Library) ਬ੍ਰਾਂਚਾਂ ਸਮੇਤ, ਸਿਟੀ ਆਫ ਬ੍ਰੈਂਪਟਨ ਦੀਆਂ ਸਾਰੀਆਂ ਫੈਸਿਲਿਟੀਜ, ਅਗਲੇ ਨੋਟਿਸ ਤੱਕ ਬੰਦ ਰਹਿਣਗੀਆਂ।

ਫਾਇਰ ਐਂਡ ਐਮਰਜੈਂਸੀ ਸਰਵਿਸਿਜ (Fire and Emergency Services), ਟ੍ਰੈਫਿਕ ਸਰਵਿਸਿਜ (Traffic Services), ਬਾਇ-ਲਾਅ ਐਨਫੋਰਸਮੈਂਟ (By-Law Enforcement), ਰੋਡ ਓਪਰੇਸ਼ਨਸ (Road Operations), ਪੀ.ਓ.ਏ. ਕੋਰਟਸ (POA Courts) ਅਤੇ ਸਿਕਿਓਰਿਟੀ ਸਰਵਿਸਿਜ (Security Services) ਸਮੇਤ, ਸਾਰੀਆਂ ਮਹੱਤਵਪੂਰਣ ਸੇਵਾਵਾਂ, ਸਾਡੇ ਭਾਈਚਾਰੇ ਦੇ ਸਹਿਯੋਗ ਲਈ ਪਹਿਲਾਂ ਵਾਂਗ ਹੀ ਜਾਰੀ ਰਹਿਣਗੀਆਂ।

ਕਿਸੇ ਵੀ ਸਵਾਲਾਂ ਲਈ ਨਿਵਾਸੀ, 311 ਤੇ ਜਾਂ 905.874.2000 (ਬ੍ਰੈਂਪਟਨ ਦੇ ਬਾਹਰੋਂ) ਤੇ ਫੋਨ ਕਰ ਸਕਦੇ ਹਨ, ਬ੍ਰੈਂਪਟਨ 311 (Brampton 311) ਐਪ (ਜੋ ਐਪ ਸਟੋਰ (App Store) ਜਾਂ Google Play (ਗੂਗਲ ਪਲੇ) ਤੇ ਉਪਲਬਧ ਹੈ) ਦੀ ਵਰਤੋਂ ਕਰ ਸਕਦੇ ਹਨ, ਜਾਂ 311@brampton.ca ਤੇ ਈਮੇਲ ਕਰ ਸਕਦੇ ਹਨ। ਅਸੀਂ ਸਿਟੀ ਆਫ ਬ੍ਰੈਂਪਟਨ ਜਾਂ ਰੀਜਨ ਆਫ ਪੀਲ (Region of Peel) ਦੇ ਕਿਸੇ ਵੀ ਮੁੱਦਿਆਂ ਲਈ, 24/7 ਉਪਲਬਧ ਹਾਂ। ਇਹਨਾਂ ਮੁੱਦਿਆਂ ਵਿੱਚ ਸ਼ਾਮਲ ਹਨ, COVID-19 ਨਾਲ ਸਬੰਧਿਤ ਸਵਾਲ, ਜਿਵੇਂ ਟੈਕਸ ਸਥਗਿਤ ਕਰਨ, ਸਰੀਰਕ ਦੂਰੀ, ਪਾਰਕਾਂ ਅਤੇ ਫੈਸਿਲਿਟੀਜ ਦੇ ਬੰਦ ਹੋਣ ਬਾਰੇ ਸਵਾਲ। ਹੋਰ ਜਾਣਕਾਰੀ ਲਈ www.brampton.ca/covid19 ਤੇ ਜਾਓ।

**COVID-19 ਤੋਂ ਸੁਰੱਖਿਆ ਸਬੰਧੀ ਉਪਾਅ**

COVID-19 ਦੀ ਪ੍ਰਤੀਕਿਰਿਆ ਵਿੱਚ ਅਜਿਹੇ ਮਹੱਤਵਪੂਰਣ ਨਿਯਮ ਅਤੇ ਰੈਗੁਲੇਸ਼ਨ ਹਨ, ਜਿਹਨਾਂ ਨੂੰ ਸਾਡੇ ਭਾਈਚਾਰੇ ਨੂੰ, ਘਰੋਂ ਬਾਹਰ ਸੁਰੱਖਿਅਤ ਰਹਿਣ ਲਈ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

- ਪੀਲ ਪਬਲਿਕ ਹੈਲਥ, ਪੂਰੀ ਤਰ੍ਹਾਂ ਸਿਫਾਰਿਸ਼ ਕਰਦੀ ਹੈ ਕਿ ਨਿਵਾਸੀ ਸਿਰਫ਼ ਇਕੱਲੇ ਐਕਸਰਸਾਈਜ਼ ਲਈ ਜਾਂ ਜ਼ਰੂਰੀ ਲੋੜਾਂ ਲਈ ਘਰੋਂ ਬਾਹਰ ਜਾਣ।
- ਬ੍ਰੈਂਪਟਨ ਵਿੱਚ ਸਾਰੇ 500+ ਪਾਰਕ, ਪਲੇਗ੍ਰਾਊਂਡ ਅਤੇ ਪਾਰਕਾਂ ਵਿੱਚ ਹੋਰ ਥਾਵਾਂ, ਬਿਨਾਂ ਜੰਜੀਰ ਬੰਨ੍ਹੇ ਕੁੱਤਿਆਂ ਲਈ ਪਾਰਕ, ਪਿਕਨਿਕ ਸ਼ੈਲਟਰ, ਆਉਟਡੋਰ ਸਪੋਰਟ ਫੈਸਿਲਿਟੀਜ ਅਤੇ ਆਉਟਡੋਰ ਫਿਟਨੈਸ ਉਪਕਰਨ (ਸਪੋਰਟਸ ਫੀਲਡਸ, ਬਾਸਕੇਟਬਾਲ ਅਤੇ ਟੈਨਿਸ ਕੋਰਟਸ), ਰੇਕ੍ਰੀਏਸ਼ਨ ਸੈਂਟਰ ਅਤੇ ਆਸਪਾਸ ਦੀਆਂ ਥਾਵਾਂ, ਅਤੇ ਸਿਟੀ ਫੈਸਿਲਿਟੀਜ ਦੇ ਪਾਰਕਿੰਗ ਲੌਟਸ, ਅਗਲੇ ਨੋਟਿਸ ਤੱਕ ਜਨਤਾ ਲਈ ਬੰਦ ਕਰ ਦਿੱਤੇ ਗਏ ਹਨ। ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਉਹਨਾਂ ਨੂੰ ਪਤਾ ਲੱਗੇ ਕਿ ਕੋਈ ਇਸਦੀ ਪਾਲਣਾ ਨਹੀਂ ਕਰ ਰਿਹਾ ਹੈ, ਤਾਂ ਉਹ 905.874.2111 ਤੇ ਰਿਪੋਰਟ ਕਰਨ।

- ਹਾਲਾਂਕਿ ਟ੍ਰੇਲਾਂ ਇਸ ਸਮੇਂ ਖੁੱਲ੍ਹੀਆਂ ਰਹਿਣਗੀਆਂ, ਫਿਰ ਵੀ ਤੁਹਾਡੇ ਲਈ ਹਮੇਸ਼ਾ, ਦੂਜਿਆਂ (ਜੋ ਤੁਹਾਡੇ ਘਰ ਵਿੱਚ ਨਹੀਂ ਰਹਿੰਦੇ ਹਨ) ਤੋਂ 2.0 ਮੀਟਰ ਦੂਰ ਰਹਿਣਾ ਲਾਜ਼ਮੀ ਹੈ। ਟ੍ਰੇਲਾਂ ਦੇ ਨਕਸ਼ੇ ਲਈ, ਇੱਥੇ (here) ਕਲਿੱਕ ਕਰੋ।

- ਪੰਜ ਜਾਂ ਵੱਧ ਲੋਕ ਇਕੱਠੇ ਹੋਣ ਤੋਂ ਬਚੋ – ਸੂਬੇ ਵੱਲੋਂ ਲਾਗੂ ਕੀਤੇ ਗਏ ਐਮਰਜੈਂਸੀ ਮੈਨੇਜਮੈਂਟ ਐਂਡ ਸਿਵਿਲ ਪ੍ਰੋਟੈਕਸ਼ਨ ਐਕਟ (Emergency Management and Civil Protection Act) ਦੇ ਅਧੀਨ, ਹੁਣ ਅਜਿਹਾ ਕਰਨ ਤੇ ਪਾਬੰਦੀ ਹੈ।

- ਕਿਰਪਾ ਕਰਕੇ ਵਰਤੇ ਗਏ ਫੇਸਮਾਸਕਾਂ, ਸੁਰੱਖਿਆ ਵਾਲੇ ਦਸਤਾਨਿਆਂ ਅਤੇ ਸਿਹਤ ਦੇਖਭਾਲ ਸਬੰਧੀ ਹੋਰ ਖ਼ਰਾਬ ਵਸਤਾਂ ਨੂੰ, ਇੱਕ ਬੈਗ ਵਿੱਚ ਰੱਖ ਕੇ, ਕੂੜੇ ਵਿੱਚ ਸੁੱਟੋ।

- ਹੁਣ, ਬ੍ਰੈਂਪਟਨ COVID-19 ਐਮਰਜੈਂਸੀ ਮੇਜਰਸ ਬਾਇ-ਲਾਅ (Brampton COVID-19 Emergency Measures By-law) ਦੇ ਅਧੀਨ ਜੁਰਮਾਨੇ ਰੱਖੇ ਗਏ ਹਨ। ਸਰੀਰਕ ਦੂਰੀ ਦੇ ਉਪਾਵਾਂ ਦੀ ਪਾਲਣਾ ਨਾ ਕਰਨ ਦੇ ਹਰੇਕ ਅਪਰਾਧ ਲਈ, ਲੋਕਾਂ ਨੂੰ ਘੱਟੋ-ਘੱਟ $500 ਅਤੇ ਵੱਧ ਤੋਂ ਵੱਧ $100,000 ਤੱਕ ਦਾ ਜੁਰਮਾਨਾ ਦੇਣਾ ਪੈ ਸਕਦਾ ਹੈ। ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਉਹਨਾਂ ਨੂੰ ਪਤਾ ਲੱਗੇ ਕਿ ਕੋਈ ਇਸਦੀ ਪਾਲਣਾ ਨਹੀਂ ਕਰ ਰਿਹਾ ਹੈ, ਤਾਂ ਉਹ 311 ਤੇ ਫੋਨ ਕਰਨ।

- ਅਸੀਂ ਸਾਡੇ ਭਾਈਚਾਰੇ ਤੇ ਹੋਣ ਵਾਲੇ COVID-19 ਦੇ ਅਸਰਾਂ ਨੂੰ ਸਮਝਦੇ ਹਾਂ। ਅਸੀਂ ਇਹ ਵੀ ਸਮਝਦੇ ਹਾਂ ਕਿ ਇਹ ਕੁਝ ਲੋਕਾਂ ਲਈ ਬਹੁਤ ਮੁਸ਼ਕਲ ਅਤੇ ਤਣਾਅ ਵਾਲਾ ਸਮਾਂ ਹੈ। ਅਸੀਂ ਭਾਈਚਾਰੇ ਨੂੰ ਸਹਿਯੋਗ ਕਰਨ ਲਈ ਖਾਸ ਟਾਸਕ ਫੋਰਸਿਜ ਸ਼ੁਰੂ ਕੀਤੀਆਂ ਹਨ। ਇਸ ਵਿੱਚ ਸ਼ਾਮਲ ਹੈ, ਆਰਥਿਕ ਸਹਿਯੋਗ, ਬਜ਼ੁਰਗਾਂ ਨੂੰ ਸਹਿਯੋਗ, ਨੌਜਵਾਨਾਂ ਨੂੰ ਸਹਿਯੋਗ ਅਤੇ ਸਭ ਤੋਂ ਵੱਧ ਕਮਜ਼ੋਰ ਲੋਕਾਂ ਨੂੰ ਸਹਿਯੋਗ। ਇਹਨਾਂ ਟਾਸਕ ਫੋਰਸਿਜ (Task Forces) ਬਾਰੇ ਅਤੇ ਉਹਨਾਂ ਨਾਲ ਸੰਪਰਕ ਕਰਨ ਬਾਰੇ ਹੋਰ ਜਾਣਕਾਰੀ www.brampton.ca/covid19 ਤੇ ਉਪਲਬਧ ਹੈ।

**COVID-19 ਟਾਸਕ ਫੋਰਸਿਜ**

**COVID-19 ਸੀਨੀਅਰਸ ਸਪੋਰਟ ਟਾਸਕ ਫੋਰਸ:** ਬਜ਼ੁਰਗਾਂ ਨੂੰ ਗ੍ਰੋਸਰੀਜ ਜਾਂ ਦਵਾਈ ਲੈਣ ਵਿੱਚ ਸਹਿਯੋਗ ਲਈ, 311 ਤੇ ਫੋਨ ਕਰੋ ਜਾਂ covid19seniors@brampton.ca ਤੇ ਈਮੇਲ ਕਰੋ। ਸਟੋਰ ਦਾ ਸਮਾਂ ਵੱਖ ਹੋ ਸਕਦਾ ਹੈ, ਕਿਉਂਕਿ ਇਹ ਲੰਬਾ ਵੀਕੈਂਡ ਹੈ। ਆਉਣ ਵਾਲੇ ਟੈਲੀ ਟਾਊਨ ਹਾੱਲਸ (Tele Town Halls) ਵਾਸਤੇ ਰਜਿਸਟਰ ਕਰਨ ਲਈ ਜਾਂ ਸੰਪਰਕ ਕਰਨ ਲਈ, 311 ਤੇ ਫੋਨ ਕਰੋ ਜਾਂ covid19seniors@brampton.ca ਤੇ ਈਮੇਲ ਕਰੋ।

**COVID-19 ਸੋਸ਼ਲ ਸਪੋਰਟ ਟਾਸਕ ਫੋਰਸ:** ਲੋਕਲ ਫੂਡ ਬੈਂਕਸ ਨੂੰ ਡੋਨੇਸ਼ਨ ਦੀ ਸਖ਼ਤ ਲੋੜ ਹੈ। ਲੋੜੀਂਦੀਆਂ ਵਸਤਾਂ ਦੀ ਸੂਚੀ ਵੇਖੋ ਅਤੇ ਉਹਨਾਂ ਨੂੰ ਇੱਥੇ (here) ਡ੍ਰੌਪ ਕਰੋ। ਜੇਕਰ ਤੁਹਾਨੂੰ ਅਤੇ ਤੁਹਾਡੇ ਪਿਆਰਿਆਂ ਨੂੰ ਭੋਜਨ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸੋਸ਼ਲ ਸਪੋਰਟ ਔਨਲਾਈਨ ਫਾਰਮ (Social Support Online Form) ਭਰੋ। ਇਹ ਟਾਸਕ ਫੋਰਸ, ਨਿਵਾਸੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ, ਸਹਾਰਾ (anchor) ਫੂਡ ਬੈਂਕਾਂ ਨਾਲ ਮਿਲ ਕੇ ਕੰਮ ਕਰ ਰਹੀ ਹੈ। ਜੇਕਰ ਤੁਸੀਂ ਫੋਨ ਰਾਹੀਂ ਸਹਾਇਤਾ ਦੀ ਬੇਨਤੀ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ 311 ਤੇ ਫੋਨ ਕਰੋ। ਭਾਈਚਾਰਾ-ਅਧਾਰਿਤ ਵਸੀਲਿਆਂ ਦੀ ਸੂਚੀ ਸਮੇਤ, ਹੋਰ ਵਸੀਲਿਆਂ ਲਈ, ਇੱਥੇ ਕਲਿੱਕ ਕਰੋ (click here)। ਸੰਪਰਕ ਕਰਨ ਲਈ 311 ਤੇ ਫੋਨ ਕਰੋ ਜਾਂ covid19support@brampton.ca ਤੇ ਈਮੇਲ ਕਰੋ।

**COVID-19 ਯੂਥ ਸਪੋਰਟ ਟਾਸਕ ਫੋਰਸ:** ਬ੍ਰੈਂਪਟਨ ਦੇ ਨੌਜਵਾਨਾਂ ਨੂੰ, ਮੇਅਰ ਪੈਟਰਿਕ ਬ੍ਰਾਊਨ (Patrick Brown), COVID-19 ਯੂਥ ਸਪੋਰਟ ਟਾਸਕ ਫੋਰਸ (COVID-19 Youth Support Task Force) ਦੇ ਕੋ-ਚੇਅਰਸ, ਕਾਉਂਸਲਰਸ ਸ਼ਾਰਮੇਨ ਵਿਲੀਅਮਸ (Charmaine Williams) ਅਤੇ ਹਰਕੀਰਤ ਸਿੰਘ (Harkirat Singh) ਦੇ ਨਾਲ, ਇਸ ਬਾਰੇ ਚਰਚਾ ਕਰਨ ਲਈ ਕਿ, COVID-19 ਉਹਨਾਂ ਨੂੰ ਕਿਵੇਂ ਪ੍ਰਭਾਵਿਤ ਕਰ ਰਿਹਾ ਹੈ, Instagram

(ਇੰਸਟਾਗ੍ਰਾਮ) ਲਾਈਵ ਚੈਟ ਲਈ ਸੱਦਾ ਦਿੱਤਾ ਜਾ ਰਿਹਾ ਹੈ। ਸ਼ਨੀਵਾਰ, 11 ਅਪ੍ਰੈਲ ਨੂੰ ਦੁਪਹਿਰ ਬਾਅਦ 1 ਵਜੇ, ਮੇਅਰ ਬ੍ਰਾਊਨ ਦੀ Instagram ਪ੍ਰੋਫਾਈਲ (@patrickbrownont) ਤੇ ਲਾਈਵ ਚੈਟ ਵਿੱਚ ਸ਼ਾਮਲ ਹੋਵੋ। ਸੰਪਰਕ ਕਰਨ ਲਈ 311 ਤੇ ਫੋਨ ਕਰੋ ਜਾਂ covid19youth@brampton.ca ਤੇ ਈਮੇਲ ਕਰੋ।

**COVID-19 ਇਕੋਨੋਮਿਕ ਸਪੋਰਟ ਟਾਸਕ ਫੋਰਸ:** ਇਹ ਟਾਸਕ ਫੋਰਸ, ਬ੍ਰੈਂਪਟਨ ਵਿੱਚ ਕਾਰੋਬਾਰੀਆਂ ਨੂੰ ਲਗਾਤਾਰ ਸਹਿਯੋਗ ਕਰ ਰਹੀ ਹੈ ਕਿਉਂਕਿ ਉਹਨਾਂ ਤੇ COVID-19 ਦਾ ਆਰਥਿਕ ਅਸਰ ਪੈ ਰਿਹਾ ਹੈ। ਸੰਪਰਕ ਕਰਨ ਲਈ ਜਾਂ ਕਾਰੋਬਾਰ ਸਲਾਹਕਾਰ ਨਾਲ ਗੱਲ ਕਰਨ ਲਈ, 311 ਤੇ ਫੋਨ ਕਰੋ ਜਾਂ covid19business@brampton.ca ਤੇ ਈਮੇਲ ਕਰੋ।

## ਬ੍ਰੈਂਪਟਨ ਟ੍ਰਾਂਜ਼ਿਟ

ਬ੍ਰੈਂਪਟਨ ਟ੍ਰਾਂਜ਼ਿਟ (Brampton Transit), ਗੁੱਡ ਫ੍ਰਾਈਡੇ ਨੂੰ ਕੁਝ ਰੂਟਾਂ ਦੇ ਰੱਦ ਹੋਣ ਦੇ ਨਾਲ, ਐਤਵਾਰ ਦੇ ਘਟਾਏ ਗਏ ਸ਼ੈਡਿਊਲ ਤੇ ਚੱਲੇਗੀ। ਈਸਟਰ ਮੰਡੇ ਨੂੰ ਇਹ, ਵਧਾਈ ਹੋਈ ਐਤਵਾਰ ਵਾਲੀ ਸੇਵਾ (ਵੱਧ ਵਿਅਸਤ ਰੂਟਾਂ ਤੇ ਸਵੇਰੇ ਅਤੇ ਸ਼ਾਮ ਦੇ ਪੀਕ ਪੀਰੀਅਡਸ (Peak Periods) ਦੇ ਦੌਰਾਨ ਵਾਧੂ ਟ੍ਰਿੱਪਾਂ ਦੇ ਨਾਲ ਨਿਯਮਿਤ ਐਤਵਾਰ ਵਾਲੀ ਸੇਵਾ) ਤੇ ਚੱਲੇਗੀ। ਟਰਮੀਨਲਾਂ ਵਿਖੇ, ਗਾਹਕ ਸੇਵਾ (Customer Service) ਕਾਉਂਟਰ, ਗੁੱਡ ਫ੍ਰਾਈਡੇ ਨੂੰ ਬੰਦ ਰਹਿਣਗੇ।

COVID-19 ਦੀ ਪ੍ਰਤੀਕਿਰਿਆ ਵਿੱਚ ਅਤੇ ਇਹ ਯਕੀਨੀ ਬਣਾਉਣ ਲਈ ਕਿ ਬ੍ਰੈਂਪਟਨ ਟ੍ਰਾਂਜ਼ਿਟ, ਆਪਣੇ ਭਾਈਚਾਰੇ ਨੂੰ ਸੁਰੱਖਿਅਤ ਰੂਪ ਨਾਲ ਸੇਵਾ ਦੇ ਰਿਹਾ ਹੈ, ਈਸਟਰ ਮੰਡੇ ਤੋਂ ਸ਼ੁਰੂ ਕਰਦੇ ਹੋਏ, ਅਗਲੇ ਨੋਟਿਸ ਤੱਕ ਕੁਝ ਰੂਟਾਂ ਤੇ ਸੇਵਾ ਘਟਾਈ ਗਈ ਹੈ ਅਤੇ ਕੁਝ ਰੂਟਾਂ ਤੇ ਰੱਦ ਕੀਤੀ ਗਈ ਹੈ। ਸੇਵਾ ਵਿੱਚ ਤਬਦੀਲੀਆਂ ਦੀ ਸੂਚੀ ਲਈ, www.bramptontransit.com ਤੇ ਜਾਓ।

ਵੱਧ ਵਾਰ ਸਫਾਈ ਅਤੇ ਰੋਗਾਣੂ ਮੁਕਤ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਵੇਲੇ ਬੱਸਾਂ ਨੂੰ ਹਰੇਕ 24 ਘੰਟਿਆਂ ਵਿੱਚ ਰੋਗਾਣੂ ਮੁਕਤ ਕੀਤਾ ਜਾ ਰਿਹਾ ਹੈ। ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਰੋਗਾਣੂ ਮੁਕਤ ਕੀਤਾ ਜਾ ਰਿਹਾ ਹੈ। ਸਵਾਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਫ਼ਰ ਕਰਦੇ ਸਮੇਂ ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ ਅਤੇ ਵਾਰ-ਵਾਰ ਆਪਣੇ ਹੱਥ ਧੋਣ।

ਰੂਟ ਅਤੇ ਸ਼ੈਡਿਊਲ ਬਾਰੇ ਜਾਣਕਾਰੀ ਲਈ, 905.874.2999 ਤੇ ਫੋਨ ਕਰੋ ਜਾਂ www.bramptontransit.com ਤੇ ਜਾਓ। ਰੀਅਲ-ਟਾਈਮ ਵਿੱਚ ਅਗਲੀ ਬੱਸ ਬਾਰੇ ਜਾਣਕਾਰੀ ਲਈ, ਆਪਣੇ ਸਮਾਰਟਫੋਨ ਤੋਂ ਜਾਂ ਕਿਸੇ ਹੋਰ ਮੋਬਾਈਲ ਡਿਵਾਈਸ ਤੋਂ nextride.brampton.ca ਤੇ ਜਾਓ। ਟ੍ਰਿੱਪ ਪਲਾਨਿੰਗ ਦੇ ਹੋਰ ਟੂਲਸ ਲਈ, www.triplinx.ca ਤੇ ਜਾਂ Google Maps (ਗੂਗਲ ਮੈਪਸ) ਤੇ ਜਾਓ।

## ਬ੍ਰੈਂਪਟਨ ਰੇਕ੍ਰੀਏਸ਼ਨ

ਸਾਰੇ ਰੇਕ੍ਰੀਏਸ਼ਨ ਪ੍ਰੋਗਰਾਮਿੰਗ ਅਤੇ ਕਿਰਾਏ ਤੇ ਥਾਂ ਲੈ ਕੇ ਹੋਣ ਵਾਲੇ ਸਾਰੇ ਕਾਰਜਕਰਮ, ਅਗਲੇ ਨੋਟਿਸ ਤੱਕ ਰੱਦ ਕਰ ਦਿੱਤੇ ਗਏ ਹਨ। ਕ੍ਰੈਡਿਟ ਆਪਣੇ ਆਪ ਖਾਤਿਆਂ ਵਿੱਚ ਜਮ੍ਹਾਂ ਹੋ ਜਾਣਗੇ। ਕਿਰਪਾ ਕਰਕੇ ਹੋਰ ਜਾਣਕਾਰੀ ਲਈ recconnects@brampton.ca ਤੇ ਸੰਪਰਕ ਕਰੋ।

ਬੱਚੇ ਅਤੇ ਨੌਜਵਾਨ ਘਰ ਵਿੱਚ ਆਪਣਾ ਮਨਪਰਚਾਵਾ ਕਰਦੇ ਰਹਿਣ, ਇਸ ਵਾਸਤੇ ਪ੍ਰਿੰਟ ਕਰਨ ਯੋਗ ਐਕਟੀਵਿਟੀ ਸ਼ੀਟਾਂ ਸਮੇਤ, ਕਈ ਤਰ੍ਹਾਂ ਦੇ ਵਰਚੁਅਲ ਪ੍ਰੋਗਰਾਮਿੰਗ ਵਿਕਲਪ, www.brampton.ca/recreation ਤੇ ਉਪਲਬਧ ਕੀਤੇ ਜਾਣਗੇ।

## ਬ੍ਰੈਂਪਟਨ ਲਾਇਬ੍ਰੇਰੀ

ਬ੍ਰੈਂਪਟਨ ਲਾਇਬ੍ਰੇਰੀ (Brampton Library) ਦੀਆਂ ਸਾਰੀਆਂ ਬ੍ਰਾਂਚਾਂ, ਅਗਲੇ ਨੋਟਿਸ ਤੱਕ ਬੰਦ ਕਰ ਦਿੱਤੀਆਂ ਗਈਆਂ ਹਨ। ਵੀਕੈਂਡ ਮਨੋਰੰਜਨ ਲਈ, ਸਟ੍ਰੀਮਿੰਗ ਫਿਲਮਾਂ ਦੇਖੋ ਅਤੇ ਮਿਊਜਿਕ ਸੁਣੋ ਜਾਂ ਈਬੁੱਕ (eBook) ਪੜ੍ਹੋ! ਸਾਡੇ ਡਿਜੀਟਲ ਉਤਪਾਦਾਂ, ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਹੋਰ ਜਾਣਕਾਰੀ ਲਈ, www.bramptonlibrary.ca ਤੇ ਜਾਓ ਜਾਂ info@bramlib.on.ca ਤੇ ਈਮੇਲ ਕਰੋ।

## ਬ੍ਰੈਂਪਟਨ ਐਨੀਮਲ ਸਰਵਿਸਿਜ

ਬ੍ਰੈਂਪਟਨ ਐਨੀਮਲ ਸ਼ੈਲਟਰ (Brampton Animal Shelter), ਗੁੱਡ ਫ੍ਰਾਈਡੇ, ਐਤਵਾਰ, 12 ਅਪ੍ਰੈਲ ਨੂੰ ਅਤੇ ਈਸਟਰ ਮੰਡੇ ਨੂੰ ਬੰਦ ਰਹੇਗਾ। ਸ਼ੈਲਟਰ, ਸ਼ਨੀਵਾਰ, 11 ਅਪ੍ਰੈਲ ਨੂੰ, ਸਿਰਫ਼ ਤੈਅ ਮੁਲਾਕਾਤ ਦੁਆਰਾ ਹੀ, ਗੁਆਚੇ ਜਾਨਵਰਾਂ ਨੂੰ ਵਾਪਸ ਲੈਣ ਲਈ, ਸਵੇਰੇ 9 ਵਜੇ ਤੋਂ ਦੁਪਹਿਰ 12 ਵਜੇ ਤੱਕ ਖੁੱਲ੍ਹਾ ਰਹੇਗਾ।

ਐਨੀਮਲ ਕੰਟ੍ਰੋਲ (Animal Control), ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ ਅਤੇ ਸ਼ਨੀਵਾਰ ਅਤੇ ਐਤਵਾਰ ਅਤੇ ਛੁੱਟੀਆਂ ਵਾਲੇ ਦਿਨਾਂ ਨੂੰ, ਸਵੇਰੇ 8 ਵਜੇ ਤੋਂ ਸ਼ਾਮ 6:30 ਵਜੇ ਤੱਕ ਚਾਲੂ ਰਹੇਗਾ। ਉਹ ਸਿਰਫ਼ ਹੇਠਾਂ ਦਿੱਤੇ ਕੰਮਾਂ ਨਾਲ ਸਬੰਧਿਤ ਕਾਲਾਂ ਦੇ ਹੀ ਜਵਾਬ ਦੇਣਗੇ:

- ਬੀਮਾਰ/ਜ਼ਖਮੀ/ਹਿੰਸਕ ਘਰੇਲੂ ਜਾਨਵਰ ਜਾਂ ਜੰਗਲੀ ਜਾਨਵਰ ਦਾ ਪਿਕ ਅੱਪ
- ਹਿੰਸਕ ਜਾਨਵਰ
- ਘਰੋਂ ਬਾਹਰ ਨਿੱਕਲੇ ਕੁੱਤੇ ਨੂੰ ਬਚਾਉਣਾ
- ਕੁੱਤੇ ਦੇ ਕੱਟਣ ਦੀ ਜਾਂਚ
- ਬੰਨ੍ਹ ਕੇ ਰੱਖੇ ਅਵਾਰਾ ਕੁੱਤਿਆਂ ਦਾ ਪਿਕ ਅੱਪ
- ਮਰੇ ਹੋਏ ਜਾਨਵਰ ਦਾ ਪਿਕ ਅੱਪ

ਇਹਨਾਂ ਘੰਟਿਆਂ ਤੋਂ ਬਾਅਦ, ਐਨੀਮਲ ਕੰਟ੍ਰੋਲ ਸਿਰਫ਼ ਐਮਰਜੈਂਸੀ ਕਾਲਾਂ ਦਾ ਹੀ ਜਵਾਬ ਦੇਵੇਗਾ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca